Media Release

ਤੁਰੰਤ ਰਿਲੀਜ ਲਈ




Photo: Selina McCallum

## ਬ੍ਰੈਂਪਟਨ ਫਾਇਰ ਪਬਲਿਕ ਆਰਟ ਦੇ ਦੁਆਰਾ ਕਮਿਉਨਿਟੀ ਨਾਲ ਜੁੜ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (11 ਜਨਵਰੀ, 2022) – ਸਿਟੀ ਆਫ ਬ੍ਰੈਂਪਟਨ ਨੂੰ, ਪਬਲਿਕ ਆਰਟ ਪ੍ਰੋਜੈਕਟ ਦੇ ਹਿੱਸੇ ਵਜੋਂ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (ਬੀ.ਐਫ.ਈ.ਐਸ.) ਸਟੇਸ਼ਨ 211 (Brampton Fire and Emergency Services (BFES) Station 211) ਵਿਖੇ ਨਵਾਂ ਮੁਰਾਲ (ਕੰਧ-ਚਿੱਤਰ) ਡਿਸਪਲੇ ਕਰਨ ਤੇ ਮਾਣ ਹੈ। ਇਹ ਪ੍ਰੋਜੈਕਟ ਪੂਰੇ ਸ਼ਹਿਰ ਵਿੱਚ ਮੌਕੇ ਪੈਦਾ ਕਰਨ ਲਈ ਥਾਂ ਤਿਆਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। STEPS (ਸਸਟੇਨੇਬਲ ਥਿੰਕਿੰਗ ਐਂਡ ਐਕਸਪ੍ਰੈਸ਼ਨ ਔਨ ਪਬਲਿਕ ਸਪੇਸ) ਪਬਲਿਕ ਆਰਟ (STEPS (Sustainable Thinking and Expression on Public Space) Public Art) ਦੀ ਸਹਾਇਤਾ ਦੇ ਨਾਲ, ਓਪਨ ਕੰਟਰੀਸਾਈਡਜ ਚਿੱਤਰਤ ਕਰਦੇ ਹੋਏ, ਲੋਕਲ ਜੰਗਲ ਅਤੇ ਖੇਤਰ ਦੇ ਐਗਰੀਕਲਚਰ ਵਿਰਸੇ ਦਾ ਜਸ਼ਨ ਮਨਾਉਂਦੇ ਹੋਏ, ਇੱਕ ਨਵਾਂ ਬੋਲਡ ਅਤੇ ਰੰਗੀਨ ਮੁਰਾਲ ਇੰਸਟਾਲ ਕੀਤਾ ਗਿਆ ਸੀ।

ਪਬਲਿਕ ਆਰਟ ਦਾ ਨਿਰਮਾਣ ਅਤੇ ਪ੍ਰੇਜੈਂਟੇਸ਼ਨ, ਬ੍ਰੈਂਪਟਨ ਦੇ ਕਲਚਰ ਮਾਸਟਰ ਪਲਾਨ (Culture Master Plan) ਦੀ ਮੁੱਖ ਤਰਜੀਹ ਹੈ ਅਤੇ ਵੰਨ-ਸੁਵੰਨੇ ਰਚਨਾਕਾਰਾਂ ਅਤੇ ਉਹਨਾਂ ਦੀ ਕਮਿਉਨਿਟੀ ਦੇ ਵਿਚਕਾਰ ਅਰਥਪੂਰਣ ਐਕਸਚੇਂਜ ਨੂੰ ਅਸਾਨ ਬਣਾਉਣ ਲਈ ਇੱਕ ਵਾਹਨ ਹੈ। ਕਮਿਉਨਿਟੀ ਬਿਲਡਿੰਗ ਲਈ ਬੀ.ਐਫ.ਈ.ਐਸ. (BFES) ਦੀਆਂ ਜਾਰੀ ਵਚਨਬੱਧਤਾਵਾਂ ਦੇ ਨਾਲ ਮਿਸ਼ਰਿਤ, ਇਹ ਮੁਰਾਲ ਸਮਾਜਿਕ ਮੇਲ, ਥਾਂ ਨਾਲ ਕਨੈਕਸ਼ਨ ਅਤੇ ਬ੍ਰੈਂਪਟਨ ਲਈ ਇੱਕ ਬੇਜੋੜ ਅਤੇ ਖਾਸ ਪਛਾਣ ਬਣਾਉਣ ਵਿੱਚ ਯੋਗਦਾਨ ਦਿੰਦਾ ਹੈ।

ਇਹ ਤੀਜੀ ਪਹਿਲਕਦਮੀ ਹੈ, ਜਦੋਂ ਸਿਟੀ ਆਫ ਬ੍ਰੈਂਪਟਨ ਨੇ STEPS ਦੇ ਨਾਲ ਕੰਮ ਕੀਤਾ ਹੈ। ਅਕਤੂਬਰ 2021 ਵਿੱਚ, ਸਟੋਰਫ੍ਰੰਟਾਂ ਅਤੇ ਚੋਣਵੇਂ ਟ੍ਰੈਫਿਕ ਬੌਕਸਾਂ ਵਿੱਚ ਮੁਰਾਲਾਂ ਦੇ ਨਾਲ, ਡਾਉਨਟਾਉਨ ਬ੍ਰੈਂਪਟਨ ਵਿੱਚ ਪਬਲਿਕ ਆਰਟ ਪਾਇਲਟ ਪ੍ਰੋਜੈਕਟ ਪੇਸ਼ ਕੀਤਾ ਗਿਆ ਸੀ (public art pilot project was introduced in downtown Brampton)।


The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਕਲਾਕਾਰ ਦੇ ਬਾਰੇ ਵਿੱਚ**

ਇਸਦੀ ਰਚਨਾ ਕਰਨ ਵਾਲੀ ਕਲਾਕਾਰ, ਪੈਮ ਲੋਸਟ੍ਰਾਕੋ ਇੱਕ ਮੁਰਾਲਿਸਟ ਅਤੇ ਗ੍ਰਾਫਿਕ ਡਿਜ਼ਾਈਨਰ ਹੈ, ਜੋ ਬ੍ਰੈਂਪਟਨ ਵਿੱਚ ਜਨਮੀ ਅਤੇ ਪਲੀ-ਵਧੀ ਹੈ। ਉਸਨੇ ਦੋ ਸਕੌਲਰਸ਼ਿਪਸ ਦੇ ਨਾਲ ਓ.ਸੀ.ਏ.ਡੀ. (OCAD) ਤੋਂ ਗ੍ਰੈਜੂਏਟ ਕੀਤਾ ਹੈ ਅਤੇ ਬ੍ਰਾਂਡ, ਕਿਤਾਬਾਂ ਅਤੇ ਚਿੱਤਰ ਤਿਆਰ ਕਰਦੇ ਹੋਏ, ਡਿਜ਼ਾਈਨ ਸਟੂਡਿਓਜ ਵਿਖੇ ਕੰਮ ਕੀਤਾ ਹੈ। ਡਿਜ਼ਾਈਨ ਵਿੱਚ ਲੋਸਟ੍ਰਾਕੋ ਦੇ ਅਨੁਭਵ ਅਤੇ ਆਊਟਡੋਰਸ ਲਈ ਉਸਦੇ ਪਿਆਰ ਨੇ, ਪੂਰੇ ਕੈਨੇਡਾ ਵਿੱਚ ਡਿਸਪਲੇ ਤੇ ਰਚਨਾਵਾਂ ਬਣਾਉਂਦੇ ਹੋਏ, ਮੁਰਾਲਾਂ ਲਈ ਆਪਣੇ ਜੋਸ਼ ਨੂੰ ਵਧਾਇਆ ਹੈ। ਸਟੇਸ਼ਨ 211 (Station 211) ਵਿਖੇ ਮੁਰਾਲ, ਫਾਇਰ ਹਾਲ ਦੇ ਆਰਕੀਟੈਕਚਰ ਅਤੇ ਇਸਦੇ ਆਸਪਾਸ ਕੁਦਰਤੀ ਵਾਤਾਵਰਣ ਦੇ ਨਾਲ ਏਕੀਕਰਨ ਕਰਨ ਲਈ ਡਿਜ਼ਾਈਨ ਕੀਤਾ ਹੈ।

**ਹਵਾਲੇ**

“ਬ੍ਰੈਂਪਟਨ ਇੱਕ ਮੋਜ਼ੈਕ ਹੈ ਅਤੇ ਅਜਿਹਾ ਸ਼ਹਿਰ ਹੈ, ਜੋ ਇਸ ਵਰਗੇ ਰਚਨਾਤਮਕ ਸਹਿਯੋਗਾਂ ਦੇ ਕਾਰਨ ਜੀਵੰਤ ਹੋਣਾ ਜਾਰੀ ਹੈ। ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਸਾਡੀ ਕਮਿਊਨਿਟੀ ਵਿੱਚ ਪੂਰੀ ਤਰ੍ਹਾਂ ਘੁਲਿਆ-ਮਿਲਿਆ ਹੋਇਆ ਹੈ ਅਤੇ ਨਿਵਾਸੀਆਂ ਨਾਲ ਹੋਰ ਵੀ ਜੁੜਨ ਅਤੇ ਆਰਟ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਣ ਲਈ, ਉਹਨਾਂ ਦੇ ਸਟੇਸ਼ਨਾਂ ਵਿਖੇ ਪਬਲਿਕ ਆਰਟ ਨੂੰ ਪੇਸ਼ ਹੁੰਦੇ ਦੇਖਣਾ ਬਹੁਤ ਸ਼ਾਨਦਾਰ ਹੈ।”

– *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਇਹ ਦੇਖਣਾ ਬਹੁਤ ਸ਼ਾਨਦਾਰ ਹੈ ਕਿ ਪਬਲਿਕ ਬਿਲਡਿੰਗਾਂ ਨੂੰ ਪਬਲਿਕ ਆਰਟ ਦੇ ਨਾਲ ਜੀਵੰਤ ਕੀਤਾ ਗਿਆ ਹੈ। ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦੇ ਨਾਲ ਇਹ ਰੋਮਾਂਚਕ ਪ੍ਰੋਜੈਕਟ, ਸਕਾਰਾਤਮਕਤਾ ਨੂੰ ਵਿਕਸਿਤ ਕਰਨ ਅਤੇ ਕਮਿਊਨਿਟੀ ਸਬੰਧਾਂ ਵਿੱਚ ਹੋਰ ਵੀ ਮਦਦ ਕਰੇਗਾ। ਪੈਮ ਲੋਸਟ੍ਰਾਕੋ, ਇਹ ਸੁੰਦਰ ਰਚਨਾ ਬਣਾਉਣ ਲਈ ਤੁਹਾਡਾ ਧੰਨਵਾਦ।”

- *ਰੋਏਨਾ ਸੈਂਟੋਸ (Rowena Santos), ਰੀਜਨਲ ਕਾਊਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ; ਕਾਊਂਸਿਲ ਪੈਨਲ ਮੈਂਬਰ, ਆਰਟਸ, ਕਲਚਰ ਐਂਡ ਕ੍ਰਿਏਟਿਵ ਇੰਡਸਟਰੀ ਡਿਵੈਲਪਮੈਂਟ ਏਜੰਸੀ*

“ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਸਾਡੀ ਕਲਚਰਲ ਸਰਵਿਸਿਜ ਟੀਮ ਅਤੇ STEPS ਦੇ ਨਾਲ ਇਹ ਪ੍ਰੋਜੈਕਟ, ਪੂਰੀ ਤਰ੍ਹਾਂ ਦਰਸਾਉਂਦਾ ਹੈ ਕਿ ਸ਼ਾਨਦਾਰ ਸਹਿਯੋਗ ਕਮਿਊਨਿਟੀ ਲਈ ਕੀ ਲਿਆ ਸਕਦਾ ਹੈ। ਇਹ ਮੁਰਾਲ, ਸਾਡੀ ਜੋਸ਼ੀਲੀ ਕਮਿਊਨਿਟੀ ਵਿੱਚ ਯੋਗਦਾਨ ਦਿੰਦੇ ਹੋਏ, ਸੁਰੱਖਿਆ, ਰਿਸ਼ਤੇ ਬਣਾਉਣ ਅਤੇ ਰਚਨਾਤਮਕਤਾ ਦੀਆਂ ਥਾਵਾਂ ਵਜੋਂ ਉਹਨਾਂ ਦੇ ਆਲੇ-ਦੁਆਲੇ ਨੂੰ ਸਾਡੇ ਫਾਇਰ ਸਟੇਸ਼ਨਾਂ ਦੇ ਨਾਲ ਜੋੜੇਗਾ।”

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

“ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦੀ ਸਾਡੀ ਸਮੁੱਚੀ ਟੀਮ, ਸਿੱਖਿਆ, ਕਨੈਕਸ਼ਨ ਅਤੇ ਸੁਰੱਖਿਆ ਦੇ ਦੁਆਰਾ ਕਮਿਊਨਿਟੀ ਦੇ ਨਾਲ ਸਥਾਈ ਸਬੰਧ ਬਣਾਉਣ ਲਈ ਵਚਨਬੱਧ ਹੈ। ਮੈਂ ਇਹ ਦੇਖ ਕੇ ਰੋਮਾਂਚਿਤ ਹਾਂ ਕਿ ਸਾਡੇ ਪਹਿਲੇ ਮੁਰਾਲ ਤੋਂ ਅੱਜ ਪਰਦਾ ਚੁੱਕਿਆ ਗਿਆ ਹੈ ਅਤੇ ਮੈਨੂੰ ਪਤਾ ਹੈ ਕਿ ਇਹ ਸਾਡੀ ਕਮਿਊਨਿਟੀ ਵਾਸਤੇ ਇੱਕ-ਦੂਜੇ ਨਾਲ ਜੁੜਨ ਅਤੇ ਸ਼ਾਮਲ ਹੋਣ ਦਾ ਇੱਕ ਹੋਰ ਮੌਕਾ ਪ੍ਰਦਾਨ ਕਰੇਗਾ।”

- *ਬਿਲ ਬੋਏਸ (Bill Boyes), ਫਾਇਰ ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

"STEPS ਨੂੰ, ਇਸ ਨਵੇਂ ਮੁਰਾਲ ਨੂੰ ਜੀਵੰਤ ਬਣਾਉਣ ਵਾਸਤੇ ਸਿਟੀ ਆਫ ਬ੍ਰੈਂਪਟਨ ਅਤੇ ਕਲਾਕਾਰ ਪੈਮ ਲੋਸਟ੍ਰਾਕੋ ਦੇ ਨਾਲ ਮਿਲਕੇ ਕੰਮ ਕਰਨ ਵਿੱਚ ਖੁਸ਼ੀ ਹੈ; ਇਹ ਫਲਾਵਰ ਸਿਟੀ ਦੇ ਆਸਪਾਸ ਦੇ ਸੰਪੰਨ ਖੇਤਾਂ ਅਤੇ ਕੁਦਰਤੀ ਖੇਤਰਾਂ ਦਾ ਰਚਨਾਤਮਕ ਪ੍ਰਤੀਬਿੰਬ ਹੈ।"

- *ਐਰਿਨ ਗਲੋਵਰ (Erin Glover), ਇੰਟਰਿਮ ਪ੍ਰੋਗਰਾਮ ਡਾਇਰੈਕਟਰ, STEPS ਪਬਲਿਕ ਆਰਟ*

"ਇਹ ਪ੍ਰੋਜੈਕਟ ਮੇਰੇ ਲਈ ਬੇਹੱਦ ਖਾਸ ਹੈ ਕਿਉਂਕਿ ਬ੍ਰੈਂਪਟਨ ਮੇਰਾ ਮੂਲ ਸ਼ਹਿਰ ਹੈ, ਜਿੱਥੇ ਮੈਂ ਸ਼ਹਿਰ ਅਤੇ ਕੰਟ੍ਰੀਸਾਈਡ ਦੇ ਵਿਚਕਾਰ ਰਹੀ ਹਾਂ। ਜਦੋਂ ਡਿਵੀਜਨ ਚੀਫ ਆਫ ਫਾਇਰ ਨੇ ਉਸ ਹਿਰਨ ਦਾ ਵਰਣਨ ਕੀਤਾ, ਜੋ ਸਟੇਸ਼ਨ ਦੇ ਪਿੱਛੇ ਮੱਕੀ ਦੇ ਖੇਤਾਂ ਵਿੱਚ ਖੇਡਦਾ ਹੈ, ਮੈਨੂੰ ਪਤਾ ਸੀ ਕਿ ਵਿੰਡੋ ਡਿਜ਼ਾਈਨ ਨੂੰ ਕੁਦਰਤੀ ਜੀਵਨ ਅਤੇ ਓਪਨ ਲੈਂਡਸਕੇਪ ਦੇ ਨਾਲ ਮਿਲਾਉਣਾ ਪਵੇਗਾ, ਜਿਸਨੂੰ ਸਟਾਫ ਉਹਨਾਂ ਅਸਲੀ ਖਿੜਕੀਆਂ ਤੋਂ ਵੇਖਦਾ ਹੈ।"

BRAMPTON

**Media Release**

- *ਪੈਮ ਲੋਸਟ੍ਰਾਕੋ (Pam Lostracco), ਕਲਾਕਾਰ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਪ੍ਰਭਜੋਤ ਕੈਂਥ (Prabhjot Kainth)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Prabhjot.Kainth@brampton.ca